BBC LEARNING ENGLISH

# Essential English Conversation

# ਸ਼ੌਕ ਅਤੇ ਵਿਹਲੇ ਸਮੇਂ ਦੀਆਂ ਗਤੀਵਿਧੀਆਂ:

# ਤੁਸੀਂ ਫੁੱਟਬਾਲ ਕਿੰਨੀ ਵਾਰ ਖੇਡਦੇ ਹੋ?

*This is not a word-for-word transcript*

**ਰਾਜਵੀਰ**

ਹੈਲੋ, Essential English Conversation (ਅਸੈਂਸ਼ੀਅਲ ਇੰਗਲਿਸ਼ ਕਨਵਰਸੇਸ਼ਨ) ਵਿੱਚ ਤੁਹਾਡਾ ਸਵਾਗਤ ਹੈ। ਇਸ ਵਿੱਚ ਅਸੀਂ ਗੱਲ ਕਰਦੇ ਹਾਂ ਅੰਗਰੇਜ਼ੀ ਬੋਲੀ ਦੇ ਉਹਨਾਂ ਅਹਿਮ ਨੁਕਤਿਆਂ ਦੀ ਜਿਹਨਾਂ ਬਿਨਾਂ ਭਾਸ਼ਾ ਦੇ ਸਿਖਿਆਰਥੀਆਂ ਦਾ ਗੁਜ਼ਾਰਾ ਨਹੀਂ। ਮੈਂ ਰਾਜਵੀਰ ਤੇ ਅੱਜ ਤੁਸੀਂ ਸਿੱਖੋਗੇ ਅੰਜਰੇਜ਼ੀ ਵਿੱਚ ਕਿਸ ਤਰ੍ਹਾਂ ਪੁੱਛਣਾ ਹੈ ਕਿ ਲੋਕ ਕੋਈ ਕੰਮ ਕਿੰਨੀ ਕੁ ਵਾਰੀ ਕਰਦੇ ਹਨ।

ਦੋ ਲੋਕਾਂ ਨੂੰ ਸੁਣੋ ਜੋ ਇੱਕ ਦੂਸਰੇ ਤੋਂ ਖੇਡਣ ਬਾਰੇ ਪੁੱਛ ਰਹੇ ਹਨ।

***Lisa***
*How often do you play football?*

***David***
*I play football once a week. How about you?*

***Lisa***
*About twice a week.*

**ਰਾਜਵੀਰ**

ਜੇ ਔਖਾ ਲੱਗਿਆ ਤਾਂ ਵੀ ਕੋਈ ਫ਼ਿਕਰ ਵਾਲੀ ਗੱਲ ਨਹੀਂ। ਤੁਹਾਨੂੰ ਅਭਿਆਸ ਵਿੱਚ ਮਦਦ ਕਰਨ ਲਈ, ਅਸੀਂ ਸਾਰੀ ਗੱਲਬਾਤ ਛੋਟੇ ਹਿੱਸਿਆਂ ਵਿੱਚ ਵੰਡ ਦਿਆਂਗੇ।

ਪਹਿਲਾਂ ਲੀਜ਼ਾ ਨੇ ਡੈਵਿਡ ਨੂੰ ਪੁੱਛਿਆ, 'ਤੁਸੀਂ ਕਿੰਨੀ ਵਾਰੀ...?', 'How often do you....?' ਲੀਜ਼ਾ ਨੇ ਡੈਵਿਡ ਨੂੰ ਪੁੱਛਣਾ ਸੀ ਕਿ ਉਹ ਫੁੱਟਬਾਲ ਕਿੰਨੀ ਵਾਰ ਖੇਡਦਾ ਹੈ? ਇਸ ਲਈ **ਉਸਨੇ** ਵਾਕ ਦੇ ਅਖੀਰ ਵਿੱਚ ਲਗਾਇਆ 'play football?' ਅਤੇ ਡੈਵਿਡ ਨੂੰ ਪੁੱਛ ਲਿਆ ਕਿ, 'ਉਹ ਕਿੰਨੀ ਵਾਰ ਫੁੱਟਬਾਲ ਖੇਡਦਾ ਹੈ?'

ਹੁਣ ਸੁਣੋ ਅਤੇ ਪਿੱਛੇ ਬੋਲੋ।

*How often do you play football?*


© British Broadcasting Corporation 2018

**ਰਾਜਵੀਰ**

ਤਾਂ ਡੈਵਿਡ ਨੇ ਕਿਹਾ, ਮੈਂ ਹਫਤੇ ਵਿੱਚ ਇੱਕ ਵਾਰੀ ਫੁੱਟਬਾਲ ਖੇਡਦਾ ਹਾਂ, 'I play football once a week.' ਜੇ ਤੁਸੀਂ ਹਫਤੇ ਵਿੱਚ ਦੋ ਵਾਰ ਖੇਡਦੇ ਹੋ ਤਾਂ **twice** ਸ਼ਬਦ ਦਾ ਇਸੇਤਮਾਲ ਕਰੋ ਇਸੇ ਤਰ੍ਹਾਂ ਜੇ ਤਿੰਨ ਜਾਂ ਉਸਤੋਂ ਵੱਧ ਵਾਰ ਖੇਡਦੇ ਹੋ ਤਾਂ ਨੰਬਰ ਦੱਸ ਕੇ ਪਿੱਛੇ times ਸ਼ਬਦ ਲਗਾਓ। ਜਿਵੇਂ ਜੇ ਪੰਜ ਵਾਰ ਖੇਡਦੇ ਹੋ ਤਾਂ ਇਹ ਹੋਵੇਗਾ 'five times.' ਹੁਣ ਸੁਣੋ ਅਤੇ ਪਿੱਛੇ ਬੋਲੋ।

*I play football once a week.*

**ਰਾਜਵੀਰ**

ਉਸ ਨੇ ਪੈਮ ਨੂੰ ਵੀ ਮੁੜਕੇ ਉਹੀ ਸੁਆਲ ਪੁੱਛਿਆ, ਅਜਿਹਾ ਕਰਨ ਲਈ ਉਸਨੇ ਕਿਹਾ, , 'ਤੇ ਤੁਹਾਡੇ ਬਾਰੇ ਕੀ?' 'how about you?' ਸੁਣੋ ਅਤੇ ਦੁਹਰਾਓ।

*How about you?*

ਰਾਜਵੀਰ

ਲੀਜ਼ਾ ਨੇ ਡੈਵਿਡ ਨੂੰ ਜੁਆਬ ਦਿੱਤਾ ਕਿ ਉਹ ਹਫਤੇ ਵਿੱਚ ਦੋ ਵਾਰੀ ਦੌੜਨ ਲਈ ਜਾਂਦੀ ਹੈ। ਅਸੀਂ ਸ਼ਬਦ 'about' ਦਾ ਇਸਤੇਮਾਲ ਕਰਦੇ ਹਾਂ ਜਦੋਂ ਜੁਆਬ ਅੰਦਾਜੇ ਜਿਹੇ ਨਾਲ ਹੋਵੇ ਤੇ ਪੱਕਾ ਨਾ ਹੋਵੇ। ਤੁਸੀਂ ਹਫਤੇ 'week' ਨੂੰ ਦਿਨ 'day' ਵਿੱਚ ਬਦਲ ਸਕਦੇ ਹੋ ਅਤੇ ਮਹੀਨੇ 'month' ਜਾਂ ਸਾਲ 'year' ਬਾਰੇ ਵੀ ਦੱਸ ਸਕਦੇ ਹੋ 'once a day' 'once a month' or 'once a year. ਹੁਣ ਸੁਣੋ ਅਤੇ ਦੁਹਰਾਓ।

*About twice a week.*

**ਰਾਜਵੀਰ**

ਸ਼ਾਬਾਸ਼! ਹੁਣ ਜੋ ਤੁਸੀਂ ਕਿਹਾ ਉਸਨੂੰ ਚੈੱਕ ਕਰੋ। ਅਲੱਗ ਅਲੱਗ ਲੋਕਾਂ ਨੂੰ ਸੁਣ ਕੇ ਜੋ ਦੱਸ ਰਹੇ ਹਨ ਕਿ ਉਹ ਕੋਈ ਕੰਮ ਕਿੰਨੀ ਵਾਰੀ ਕਰਦੇ ਹਨ।

*How often do you play tennis?*

*I play tennis twice a month. How about you?*

*About three times a month.*

*How often do you play basketball?*

*I play basketball twice a week. How about you?*


© British Broadcasting Corporation 2018

*About twice a year.*

**ਰਾਜਵੀਰ**

ਠੀਕ ਹੈ ਇੱਕ ਵਾਰ ਫ਼ੇਰ ਕੋਸ਼ਿਸ਼ ਕਰਦੇ ਹਾਂ। ਅੰਗਰੇਜ਼ੀ ਦੇ ਵਾਕਾਂ ਨੂੰ ਸੁਣੋ ਅਤੇ ਦੁਹਰਾਓ।

*How often do you play football?*

*I play football once a week.*

*How about you?*

*About twice a week.*

**ਰਾਜਵੀਰ**

ਬਹੁਤ ਅੱਛਾ। ਚਲੋ ਦੇਖਦੇ ਹਾਂ ਤੁਸੀਂ ਕਿੰਨੀ ਚੰਗੀ ਤਰ੍ਹਾਂ ਅੰਗਰੇਜ਼ੀ ਦੇ ਵਾਕਾਂ ਨੂੰ ਯਾਦ ਰੱਖਿਆ। ਆਪਣੀ ਬੋਲੀ ਵਿੱਚ ਵਾਕਾਂ ਨੂੰ ਸੁਣੋ ਅਤੇ ਅੰਗਰੇਜ਼ੀ ਵਿੱਚ ਉਹਨਾਂ ਨੂੰ ਬੋਲੋ।

ਤੁਸੀਂ ਕਿੰਨੀ ਕੁ ਵਾਰ ਫੁੱਟਬਾਲ ਖੇਡਦੇ ਹੋ?

*How often do you play football?*

ਮੈਂ ਹਫਤੇ ਵਿੱਚ ਇੱਕ ਵਾਰੀ ਫੁੱਟਬਾਲ ਖੇਡਦਾ ਹਾਂ।

*I play football once a week.*

ਤੁਹਾਡੇ ਬਾਰੇ ਕਿੱਦਾਂ ਹੈ?

*How about you?*

ਹਫ਼ਤੇ ਵਿੱਚ ਤਕਰੀਬਨ ਦੋ ਵਾਰੀ।

*About twice a week.*

**ਰਾਜਵੀਰ**

Fantastic - ਹੁਣ ਤੁਸੀਂ ਜਾਣਦੇ ਹੋ ਅੰਗਰੇਜ਼ੀ ਵਿੱਚ ਕਿਵੇਂ ਪੁੱਛਣਾ ਹੈ ਕਿ ਲੋਕ ਕੋਈ ਕੰਮ ਕਿੰਨੀ ਕੁ ਵਾਰੀ ਕਰਦੇ ਹਨ। ਲੀਜ਼ਾਂ ਨੂੰ ਜੁਆਬ ਦੇ ਕੇ ਅਭਿਆਸ ਕਰੋ। ਤੇ, ਉਸ ਨੂੰ ਵੀ ਪੁੱਛਣਾ ਨਾ ਭੁੱਲਣਾ ਅਤੇ ਇਸ ਲਈ ਕਹਿਣਾ 'how about you?'

How often do you play football?

*About twice a week.*

**ਰਾਜਵੀਰ**


© British Broadcasting Corporation 2018

Great, ਹੁਣ ਆਪਣੇ ਜੁਆਬਾਂ ਨੂੰ ਚੈੱਕ ਕਰਨ ਲਈ ਸਾਰੀ ਗੱਲਬਾਤ ਦੁਬਾਰਾ ਸੁਣੋ।

***Lisa***
*How often do you play football?*

***David***
*I play football once a week. How about you?*

***Lisa***
*About twice a week.*

**ਰਾਜਵੀਰ**
ਬਹੁਤ ਅੱਛਾ! ਹੁਣ ਤੁਸੀਂ ਲੋਕਾਂ ਨੂੰ ਅੰਗਰੇਜ਼ੀ ਵਿੱਚ ਪੁੱਛ ਸਕਦੇ ਹੋ ਕਿ ਉਹ ਕਿਸੇ ਕੰਮ ਨੂੰ ਕਿੰਨੀ ਕੁ ਵਾਰ ਕਰਦੇ ਹਨ। ਜੋ ਵੀ ਸਿੱਖਿਆ ਉਸ ਨੂੰ ਦੁਹਰਾਉਣਾ ਜ਼ਰੂਰ ਯਾਦ ਰੱਖਣਾ। ਇੱਕ ਦੋਸਤ ਲੱਭੋ ਤੇ ਉਸਨੂੰ ਅੰਗਰੇਜ਼ੀ ਵਿੱਚ ਪੁੱਛੋ, 'ਉਹ ਕੋਈ ਖੇਡ ਕਿੰਨੀ ਵਾਰ ਖੇਡਦਾ ਹੈ?' ਤੁਸੀਂ ਪ੍ਰੈਕਟਿਸ ਕਰੋ ਅਤੇ ਅਸੀਂ ਅੱਜ ਦੀ ਗੱਲਬਾਤ ਇਥੇ ਹੀ ਖ਼ਤਮ ਕਰਦੇ ਹਾਂ। ਰੋਜ਼ਾਨਾ ਬੋਲਚਾਲ ਦੀ ਅੰਗਰੇਜ਼ੀ ਭਾਸ਼ਾ ਸਿੱਖਣ ਲਈ ਸਾਡੇ ਨਾਲ ਫ਼ੇਰ ਜੁੜੋ। ਬਾਏ।


© British Broadcasting Corporation 2018